# शिक्षा निदेशालय, राष्ट्रीय राजधानी क्षेत्र दिल्ली

**Annual Syllabus (2026-27)**

**Class- VI**

**Subject- Punjabi**

| **ਮਾਣਕ-ਮਾਲਾ ਭਾਗ-1 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਪਾਠਕ੍ਰਮ ਟੀਚੇ ਅਤੇ ਯੋਗਤਾਵਾਂ** | **ਸਿੱਖਣ ਨਤੀਜੇ** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਮੁਕਤਾ, ਕੰਨਾ ਤੇ ਅੱਖਰ ਬਣਤਰ** | ਰਲਦੀ-ਮਿਲਦੀ ਬਣਤਰ ਵਾਲੇ ਅੱਖਰ- ਹ, ਰ, ਗ, ਗ਼,ਸ, ਸ਼,ਮ,ਅ<br>ਮੁਕਤਾ ਅਤੇ ਕੰਨਾ | ਖਾਲੀ ਥਾਵਾਂ, ਹਿੰਦੀ ਅਤੇ ਪੰਜਾਬੀ ਸ਼ਬਦ ਬਣਾਉਣੇ। | CG-1 \| ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ, ਘਟਨਾਵਾਂ , ਸਥਿਤੀਆਂ , ਕਹਾਣੀ ਜਾਂ ਕਲਪਨਾ ਦਾ ਵਿਸਥਾਰਪੂਰਵਕ ਵਰਣਨ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ<br>- *C-1.1 \| ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ*<br>C-1.2 \| ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ। \| | -ਮਿਲਦੀ-ਜੁਲਦੀ ਬਣਤਰ ਵਾਲੇ ਅੱਖਰ ਪਛਾਣ ਕੇ,ਲਿਖਣ ਅਭਿਆਸ ਕਰਕੇ ਖੁਦ ਪੜ੍ਹਦੇ ਅਤੇ ਲਿਖਦੇ ਹਨ।<br>-ਮੁਕਤਾ ਸ਼ਬਦ ਸਿੱਖਦੇ ਹਨ।<br>-ਕੰਨਾ ਮਾਤਰਾ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ। | -ਵਿਦਿਆਰਥੀਆਂ ਨੂੰ ਬਲੈਕ-ਬੋਰਡ ਉੱਤੇ ਅੱਖਰ ਬਣਤਰ ਸਮਝਾਉਣਾ।<br>-ਹਵਾ ਵਿੱਚ ਉਂਗਲੀ ਨਾਲ ਅੱਖਰ ਬਣਾਉਣ ਦਾ ਅਭਿਆਸ।<br>-ਮੁਕਤਾ ਅਤੇ ਕੰਨਾ ਵਾਲੇ ਸ਼ਬਦਾਂ ਦੀ ਸ਼ਬਦ-ਦੀਵਾਰ (Word Wall) ਤਿਆਰ ਕਰਵਾਉਣਾ।<br>-ਬਲੈਕ-ਬੋਰਡ ਉੱਤੇ ਮਿਲਦੀ-ਜੁਲਦੀ ਬਣਤਰ ਵਾਲੇ ਅੱਖਰ (ਹ–ਰ, ਗ–ਗ਼, |

| | | | | | |
|---|---|---|---|---|---|
| | | | C-1.3 \| ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਕਿ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ \|<br>C-2.1 \| ਕਹਾਣੀਆਂ ਅਤੇ ਪੈਰਿਆਂ ਨੂੰ ਸ਼ੁੱਧਤਾ, ਉਚਿਤ ਠਹਿਰਾਅ ਅਤੇ ਲੈਅ ਨਾਲ ਪੜ੍ਹਨਾ। \|<br>C-2.2 \| ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ। \|<br>CG-3 \| ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ। | | ਸ–ਸ਼) ਲਿਖ ਕੇ ਬੱਚਿਆਂ ਨੂੰ ਫ਼ਰਕ ਸਮਝਾਉਣਾ<br>-ਮੁਕਤਾ ਅਤੇ ਕੰਨਾ ਵਾਲੇ ਸ਼ਬਦਾਂ ਦਾ ਲਿਖਤੀ ਅਭਿਆਸ।<br>-ਰੰਗਾਂ ਦੀ ਸਹਾਇਤਾ ਨਾਲ ਮਿਲਦੇ-ਜੁਲਦੇ ਅੱਖਰ ਵੱਖ ਕਰਵਾਉਣਾ।<br>-"ਅੱਖਰ ਪਛਾਣੋ" ਖੇਡ – ਫਲੈਸ਼ ਕਾਰਡ ਰਾਹੀਂ ਅੱਖਰ ਦਿਖਾਓ, ਬੱਚੇ ਉਚਾਰਣ ਕਰਨ।<br>-ਜੋੜੀ ਵਿੱਚ ਬੈਠ ਕੇ 5 ਮੁਕਤਾ ਅਤੇ 5 ਕੰਨਾ ਵਾਲੇ ਸ਼ਬਦ ਲਿਖੋ।<br>-ਸ਼ਬਦਾਂ ਦਾ ਹਿੰਦੀ ਅਤੇ ਪੰਜਾਬੀ ਰੂਪ ਸਮਝਾਉਣਾ। |

| | | | | | |
|---|---|---|---|---|---|
| | | | | | |
| **ਪਾਠ-2 ਸਿਹਾਰੀ,ਬਿਹਾਰੀ, ਅੱਧਕ ਤੇ ਅੱਖਰ ਬਣਤਰ** | ਨਵੇਂ ਅੱਖਰ- ਪ,ਧ,ਥ,ਬ,ਖ, ਖ਼,ਘ ਸਿਹਾਰੀ,ਬਿਹਾਰੀ ਅਤੇ ਅੱਧਕ , ਅੱਖਰ-ਬਣਤਰ | ਖਾਲੀ ਥਾਵਾਂ, ਹਿੰਦੀ ਸ਼ਬਦ, ਵਾਕ ਤਰਤੀਬ, ਮਾਤਰਾ, ਸਿਹਾਰੀ ਅਤੇ ਬਿਹਾਰੀ ਦਾ ਅੰਤਰ ਸਪਸ਼ਟ ਕਰਨਾ ਸ਼ਬਦਾਂ ਅਤੇ ਤਸਵੀਰਾਂ ਦਾ ਮਿਲਾਨ। | C-3.1 \| ਆਪਣੀ ਸਮਝ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। \| | -ਨਵੇਂ ਅੱਖਰਾਂ ਦੀ ਪਛਾਣ ਕਰਕੇ ਖੁਦ ਲਿਖਦੇ ਅਤੇ ਪੜ੍ਹਦੇ ਹਨ।<br>-ਸਿਹਾਰੀ,ਬਿਹਾਰੀ ਅਤੇ ਅੱਧਕ ਵਾਲੇ ਨਵੇਂ ਸ਼ਬਦ ਬਣਾਉਣ ਦਾ ਅਭਿਆਸ ਕਰਦੇ ਹਨ। | -ਪਿਛਲੇ ਪਾਠ ਦੀ 5 ਮਿੰਟ ਦੁਹਰਾਈ (ਪ੍ਰਸ਼ਨ-ਉੱਤਰ) ਰੂਪ ਵਿੱਚ।<br>-ਸਿਹਾਰੀ–ਬਿਹਾਰੀ ਦਾ ਚਾਰਟ ਬਣਾ ਕੇ ਅੰਤਰ ਸਪਸ਼ਟ ਕਰੋ।<br>-ਤਸਵੀਰ ਵੇਖ ਕੇ ਸਹੀ ਮਾਤਰਾ ਵਾਲਾ ਸ਼ਬਦ ਲਿਖਣਾ।<br>-ਵਾਕ ਤਰਤੀਬ ਮੁਕਾਬਲਾ (ਸ਼ਬਦਾਂ ਨੂੰ ਸਹੀ ਕ੍ਰਮ ਵਿੱਚ ਲਗਾਉਣਾ)।<br>-ਅੱਧਕ ਵਾਲੇ ਸ਼ਬਦਾਂ ਦਾ ਉਚਾਰਣ ਅਭਿਆਸ ਗੋਲ ਦਾਇਰੇ ਵਿੱਚ ਬੈਠ ਕੇ ਕਰਵਾਉਣਾ। |

| | | | | | |
|---|---|---|---|---|---|
| | | | | | -ਮੁਕਤਾ,ਸਿਹਾਰੀ,ਬਿਹਾਰੀ ਤੇ ਅੱਧਕ ਵਾਲੇ ਸ਼ਬਦਾਂ ਦਾ ਅਭਿਆਸ ਅਤੇ ਦੁਹਰਾਈ।<br>-ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ।<br>-ਮੌਖਿਕ ਅਤੇ ਲਿਖਤੀ ਦੁਹਰਾਈ। |
| **ਪਾਠ-3**<br>**ਔਂਕੜ,ਦੁਲੈਂਕੜ ਤੇ ਅੱਖਰ ਬਣਤਰ** | ਨਵੇਂ ਅੱਖਰ- ਤ,ਡ,ਭ,ੜ,ਝ,ੳ,ਕ,ਦ, ਢ,ਚ,ਜ,ਜ਼, ਔਂਕੜ, ਦੁਲੈਂਕੜ ਅਤੇ ਬਿੰਦੀ ਦੀ ਪਛਾਣ ਕਰਨਾ। | ਔਂਕੜ ਅਤੇ ਦੁਲੈਂਕੜ ਦਾ ਅੰਤਰ ਸਮਝਣਾ, ਵਾਕ ਤਰਤੀਬ ਸਹੀ ਕਰਨਾ,ਮਿਲਾਨ ਕਰੋ,<br>ਸ਼ਬਦ ਸਮੂਹ ਦੀ ਪਛਾਣ ਕਰਨਾ। | | -ਨਵੇਂ ਅੱਖਰਾਂ ਦੀ ਪਛਾਣ ਕਰਕੇ ਖੁਦ ਲਿਖਦੇ ਅਤੇ ਪੜ੍ਹਦੇ ਹਨ।<br>-ਮੁਕਤਾ,ਔਂਕੜ,ਦੁਲੈਂਕੜ ਅਤੇ ਬਿੰਦੀ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ।<br>-ਛੋਟੇ-ਛੋਟੇ ਵਾਕ ਲਿਖਣ ਅਤੇ ਪੜ੍ਹਨ ਦਾ ਅਭਿਆਸ ਕਰਦੇ ਹਨ। | -ਅੱਖਰ ਅਤੇ ਸ਼ਬਦ ਬਣਤਰ ਦਾ ਅਭਿਆਸ।<br>-ਤਸਵੀਰ ਵੇਖ ਕੇ ਔਂਕੜ/ਦੁਲੈਂਕੜ ਵਾਲਾ ਸ਼ਬਦ ਲਿਖੋ।<br>-ਬਿੰਦੀ ਵਾਲੇ ਅਤੇ ਬਿਨਾਂ ਬਿੰਦੀ ਸ਼ਬਦਾਂ ਦਾ ਅੰਤਰ ਬੋਰਡ ਉੱਤੇ ਲਿਖ ਕੇ ਸਮਝਾਉਣਾ।<br><br>-ਛੋਟੇ -ਛੋਟੇ ਵਾਕ ਬਣਾਉਣ ਦਾ ਅਭਿਆਸ ਅਤੇ ਦੁਹਰਾਈ। |

| | | | | | |
|---|---|---|---|---|---|
| | | | | | -ਵਿਦਿਆਰਥੀਆਂ ਦੀਆਂ ਅਸ਼ੁੱਧੀਆਂ ਨੂੰ ਬਲੈਕ-ਬੋਰਡ ਉੱਤੇ ਲਿਖ ਕੇ ਸਮਝਾਉਣਾ।<br>-ਸਹੀ ਸ਼ਬਦ ਉਚਾਰਨ ਦਾ ਵਾਰ-ਵਾਰ ਅਭਿਆਸ ਕਰਵਾਉਣਾ। |
| **ਪਾਠ-4**<br>**ਲਾਵਾਂ,ਦੁਲਾਵਾਂ ਤੇ ਅੱਖਰ ਬਣਤਰ** | ਨਵੇਂ ਅੱਖਰ-<br>ਟ,ਣ,ਨ,ਠ,ਲ,ਲ਼,ਫ,ਫ਼, ਵ,ਞ<br>ਲਾਂ,ਦੁਲਾਵਾਂ ਦੀ ਵਰਤੋਂ ਸਿੱਖਣਾ \| | ਲਾਂ,,ਦੁਲਾਵਾਂ ਦਾ ਫ਼ਰਕ, ਵਾਕ ਪੂਰੇ ਕਰੋ, ਸ਼ਬਦ ਸ਼ੁੱਧੀ, ਅੱਧਕ ਅਤੇ ਬਿੰਦੀ ਦਾ ਫ਼ਰਕ ਸਮਝੋ। | | -ਔਂਕੜ,ਦੁਲੈਂਕੜ,ਲਾਂ, ,ਦੁਲਾਵਾਂ,<br>ਅੱਧਕ ਅਤੇ ਬਿੰਦੀ ਦਾ ਅੰਤਰ ਸਮਝਦੇ ਹੋਏ ਸ਼ਬਦਾਂ ਦਾ ਅਭਿਆਸ ਕਰਦੇ ਹਨ।<br>-ਉਪਰੋਕਤ ਲਗਾਂ ਅਤੇ ਲਗਾਖਰਾਂ ਵਾਲੇ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਛੋਟੇ-ਛੋਟੇ ਵਾਕ ਲਿਖਣ ਦਾ ਅਭਿਆਸ ਕਰਦੇ ਹਨ। | -ਲਗਾਂ ਅਤੇ ਲਗਾਖਰਾਂ ਦੇ ਸ਼ੁੱਧ ਉਚਾਰਣ ਅਤੇ ਸ਼ੁੱਧ ਲੇਖਨ ਉੱਤੇ ਜ਼ੋਰ ਦਿੰਦੇ ਹੋਏ ਵੱਧ ਤੋਂ ਵੱਧ ਮੌਖਿਕ ਅਤੇ ਲਿਖਤੀ ਅਭਿਆਸ ਕਰਾਉਣਾ।<br>-ਰੋਲ-ਪਲੇ ਰਾਹੀਂ ਵਾਕ ਬੋਲਣ ਦੀ ਗਤੀਵਿਧੀ।<br>-ਲਾਂ–ਦੁਲਾਵਾਂ ਵਾਲੇ ਸ਼ਬਦਾਂ ਦੀ ਸੂਚੀ ਬਣਾਉਣਾ।<br>- ਗਲਤ ਲਿਖੇ ਸ਼ਬਦਾਂ ਦਾ ਸੋਧ ਮੁਕਾਬਲਾ।<br>-ਸਾਂਝੀਆਂ ਗਲਤੀਆਂ ਨੂੰ ਬਲੈਕ-ਬੋਰਡ ਉੱਤੇ ਲਿਖ ਕੇ |

| | | | | | |
|---|---|---|---|---|---|
| | | | | | ਨਿਸ਼ਾਨ ਦੇਹੀ ਕਰਦੇ ਹੋਏ ਸਮਝਾਉਣਾ।<br>ਖਾਲੀ ਥਾਂ ਭਰੋ" ਮੁਕਾਬਲਾ ਗਰੁੱਪਾਂ ਵਿੱਚ।<br>-ਅੱਧਕ ਅਤੇ ਬਿੰਦੀ ਦਾ ਅੰਤਰ ਚਾਰਟ ਰਾਹੀਂ ਸਮਝਾਉਣਾ। |
| **ਪਾਠ-5**<br>**ਹੋੜਾ,ਕਨੌੜਾ,ਪੂਰੀ ਗੁਰਮੁਖੀ ਲਿਪੀ, ਲਗਾਂ, ਲਗਾਖਰ** | ਨਵੇਂ ਅੱਖਰ-<br>ਙ,ਛ,ਣ,ਯ<br>ਹੋੜਾ,ਕਨੌੜਾ,ਟਿੱਪੀ ਪੈਰੀਂ ਰਾਰਾ,ਪੈਰੀਂ ਹਾਹਾ,ਪੈਰੀਂ ਵਾਵਾ ਦੀ ਵਰਤੋਂ ਸਿੱਖਣਾ \| | ਸ਼ੁੱਧ ਸ਼ਬਦਾਂ ਦੀ ਪਛਾਣ ਕਰਨਾ,<br>ਵਾਕ ਪੂਰੇ ਕਰੋ,<br>ਮਿਲਾਨ ਕਰੋ। | | - ਵਰਨਮਾਲਾ ਲਿਖਦੇ ਅਤੇ ਪੜ੍ਹਦੇ ਹਨ।<br>-ਲਗਾਂ ਤੇ ਲਗਾਖਰਾਂ ਵਾਲੇ ਸ਼ਬਦਾਂ ਦਾ ਅਭਿਆਸ ਕਰਦੇ ਹਨ।<br>-ਛੋਟੇ-ਛੋਟੇ ਵਾਕ ਬਣਾ ਕੇ ਪੜ੍ਹਦੇ ਹਨ।<br>-ਪਾਠ ਵਾਚਨ ਕਰਦੇ ਹਨ। | -ਵਰਨਮਾਲਾ ਚਾਰਟ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਸ਼ੁੱਧ ਉਚਾਰਣ ਅਤੇ ਅੱਖਰ ਬਣਤਰ ਦਾ ਅਭਿਆਸ ਕਰਾਉਣਾ।<br>-ਵਰਨਮਾਲਾ ਗਾਇਨ<br>-ਟਿੱਪੀ ਅਤੇ ਬਿੰਦੀ ਵਾਲੇ ਸ਼ਬਦਾਂ ਦੀ ਤੁਲਨਾ।<br>-ਪੈਰੀਂ ਰਾਰਾ/ਹਾਹਾ/ਵਾਵਾ ਵਾਲੇ ਸ਼ਬਦ ਲੱਭੋ।<br>- ਸ਼ਬਦਾਂ ਤੋਂ ਛੋਟਾ ਵਾਕ ਬਣਾਉਣ ਦੀ ਚੁਣੌਤੀ। |

| | | | | | |
|---|---|---|---|---|---|
| | | | | | -ਪੈਰੀਂ ਰਾਰਾ, ਪੈਰੀਂ ਹਾਹਾ ਆਦਿ ਦੇ -ਉਦਾਹਰਨ ਬੋਰਡ ਉੱਤੇ ਲਿਖਣਾ ਤੇ ਸਮਝਾਉਣਾ<br>-ਵਿਦਿਆਰਥੀਆਂ ਤੋਂ 5 ਲਗਾਂ ਵਾਲੇ ਸ਼ਬਦ ਲਿਖਵਾਉਣਾ।<br>-ਪਾਠ-ਪੁਸਤਕ ਦੀ ਸਹਾਇਤਾ ਨਾਲ ਉੱਚੀ ਪਾਠ ਕਰਾਉਣਾ। |
| **ਪਾਠ-6 ਗੁਰਮੁਖੀ ਅੱਖਰ,ਲਗਾਂ,ਲਗਾਖਰ ਤਰਤੀਬਵਾਰ** | ਅੱਖਰ ਬਣਤਰ, ਲਗਾਂ, ਲਗਾਖਰ ਅਤੇ ਤਰਤੀਬਵਾਰ ਵਰਨਮਾਲਾ ਸਿੱਖਣਾ । | ਫਲਾਂ,ਰੰਗਾਂ ਅਤੇ ਸਬਜ਼ੀਆਂ ਦੇ ਨਾਂ।<br>ਅੰਕਾਂ ਨੂੰ ਸ਼ਬਦਾਂ ਵਿੱਚ ਲਿਖਣਾ।<br>ਢੁੱਕਵੇਂ ਸ਼ਬਦ ਚੁਣਨਾ। | | - ਵਰਨਮਾਲਾ ਤਰਤੀਬਵਾਰ ਪੜ੍ਹਦੇ ਅਤੇ ਲਿਖਦੇ ਹਨ।<br>-ਲਗਾਂ ਅਤੇ ਲਗਾਖਰਾਂ ਵਾਲੇ ਸ਼ਬਦ ਪੜ੍ਹਦੇ,ਲਿਖਦੇ ਅਤੇ ਉਹਨਾਂ ਵਿਚਲਾ ਅੰਤਰ ਸਮਝਦੇ ਹਨ।<br>-ਉਚਾਰਣ ਅਸ਼ੁੱਧੀਆਂ ਨੂੰ ਪਛਾਣ ਕੇ ਸੋਧ ਕਰਦੇ ਹਨ। | -ਫਲਾਂ,ਰੰਗਾਂ ਅਤੇ ਸਬਜ਼ੀਆਂ ਦਾ ਚਾਰਟ ਦਿਖਾ ਕੇ ਪਛਾਣ ਕਰਾਉਣਾ।<br>- ਪਾਠ ਵਿੱਚ ਆਏ ਰੰਗਾਂ ਤੇ ਸਬਜ਼ੀਆਂ ਦੇ ਨਾਂ ਚੁਣ ਕੇ ਲਿਖੋ।<br>-ਅੰਕਾਂ ਨੂੰ ਸ਼ਬਦਾਂ ਵਿੱਚ ਲਿਖਣ ਦੀ ਗਤੀਵਿਧੀ ਕਰਵਾਉਣਾ । |

| | | | | | |
|---|---|---|---|---|---|
| | | | | -ਲਿਖਤੀ ਅਸ਼ੁੱਧੀਆਂ ਦੀ ਸੋਧ ਅਤੇ ਦੁਹਰਾਈ ਕਾਰਜ ਕਰਦੇ ਹਨ। | -ਛੋਟਾ ਪੈਰਾ ਪੜ੍ਹ ਕੇ ਮਾਤਰਾ ਪਛਾਣੋ।<br>-ਹਫ਼ਤਾਵਾਰੀ ਦੁਹਰਾਈ ਟੈਸਟ (ਮੌਖਿਕ + ਲਿਖਤੀ)।<br>-ਲਗਾਂ ਅਤੇ ਲਗਾਖਰਾਂ ਦੇ ਚਿੰਨ ਦਾ ਬੋਧ ਕਰਾਉਣਾ।<br>-ਉੱਚੀ-ਉੱਚੀ ਪਾਠ ਦਾ ਵਾਚਨ ਕਰਨਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਆਪਣੇ ਬਾਰੇ ਪੰਜ ਸਤਰਾਂ। | | -ਵਿਦਿਆਰਥੀ ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ ਕਰਦੇ ਹਨ।<br>-ਕਿਸੇ ਵਿਸ਼ੇ ਬਾਰੇ ਆਪਣੇ ਵਿਚਾਰ/ਭਾਵ ਪੇਸ਼ ਕਰਨਾ ਸਿੱਖਦੇ ਹਨ। | -ਆਪਣੀ ਕਾਪੀ ਵਿੱਚ ਰੋਜ਼ ਇੱਕ ਨਵਾਂ ਸ਼ਬਦ ਲਿਖਣ ਦੀ ਆਦਤ ਬਣਾਉਣਾ।-ਵਿਦਿਆਰਥੀਆਂ ਤੋਂ ਉਹਨਾਂ ਬਾਰੇ ਜਿਵੇਂ ਨਾਂ, ਉਮਰ, ਘਰ-ਪਰਿਵਾਰ, ਪਸੰਦ /ਨਾਪਸੰਦ ਆਦਿ ਪੁੱਛਿਆ ਜਾ ਸਕਦਾ ਹੈ ਤੇ ਉਹਨਾਂ ਦੀ ਕਿਸੇ ਵਿਸ਼ੇ ਨੂੰ ਲਿਖਤੀ ਰੂਪ ਦੇਣ ਦੀ ਸਮਝ ਬਣਾ ਕੇ ਅਭਿਆਸ ਕਰਾਇਆ ਜਾ ਸਕਦਾ ਹੈ। |

| **ਨੋਟ:** ਛੇਵੀਂ ਜਮਾਤ ਦੇ ਪਹਿਲੇ ਛੇ ਪਾਠ ਗੁਰਮੁਖੀ ਲਿਪੀ ਨਾਲ ਸੰਬੰਧਤ ਹਨ। ਇਹਨਾਂ ਪਾਠਾਂ ਵਿੱਚ ਗੁਰਮੁਖੀ/ਪੈਂਤੀ ਪੜ੍ਹਾਉਣ ਦੀ ਰਵਾਇਤੀ ਵਿਧੀ ਦੀ ਥਾਂ ਲਿਪੀ ਸਿੱਖਣ ਦੇ ਨਵੇਂ ਤਰੀਕੇ (ਨਿਗਮਨ ਵਿਧੀ ਉੱਪਰ ਆਧਾਰਿਤ) ਨੂੰ ਤਰਜੀਹ ਦਿੱਤੀ ਗਈ ਹੈ, ਜਿਸ ਵਿੱਚ ਵਿਦਿਆਰਥੀ ਇੱਕੋ ਜਿਹੀ ਬਣਤਰ ਵਾਲੇ ਅੱਖਰਾਂ ਉੱਪਰ ਇੱਕੋ ਸਮੇਂ ਗੌਰ ਕਰਦੇ ਹਨ ਅਤੇ ਇੱਕੋ ਜਿਹੀ ਬਣਤਰ ਵਾਲੇ ਅੱਖਰਾਂ ਨਾਲ ਬਣੇ ਸ਼ਬਦਾਂ ਨੂੰ ਪਹਿਲਾਂ ਪੜ੍ਹਦੇ ਹਨ ਅਤੇ ਉਹਨਾਂ ਦੀ ਬਣਤਰ ਵਿਚਲੇ ਫ਼ਰਕ ਨੂੰ ਸਮਝਦੇ ਹਨ। |
|---|

- **ਉਪਰੋਕਤ ਪਾਠਕ੍ਰਮ 5 ਸਤੰਬਰ 2026 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| ਮਾਣਕ-ਮਾਲਾ ਭਾਗ-1 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਪਾਠਕ੍ਰਮ ਟੀਚੇ ਅਤੇ ਯੋਗਤਾਵਾਂ | ਸਿੱਖਣ ਨਤੀਜੇ | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-7**<br>**ਭਾਈ ਘਨੱਈਆ**<br>**(ਜੀਵਨੀ)** | ਮਨੁੱਖਤਾ ਅਤੇ ਸਰਬ-ਸਾਂਝੀਵਾਲਤਾ ਦੀ ਭਾਵਨਾ ਵਿਕਸਿਤ ਕਰਨਾ। | ਸਹੀ ਸ਼ਬਦ ਚੋਣ ਕਰਨਾ।<br>ਵਾਕਾਂ ਨੂੰ ਤਰਤੀਬਵਾਰ ਲਿਖਣਾ। | CG-1 \| ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ ਘਟਨਾਵਾਂ , ਸਥਿਤੀਆਂ , ਕਹਾਣੀ ਜਾਂ ਕਲਪਨਾ ਦਾ ਵਿਸਥਾਰਪੂਰਵਕ ਵਰਣਨ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ | -ਵਿਦਿਆਰਥੀ ਜੀਵਨੀ ਵਿਧਾ ਬਾਰੇ ਸਿੱਖਦੇ ਹਨ।<br>-ਜੀਵਨੀ ਵਿਧਾ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਨਾ ਲੈਂਦੇ ਹਨ।<br>-ਸ਼ੁੱਧ ਅਤੇ ਸਹੀ ਪੰਜਾਬੀ ਪੜ੍ਹਦੇ ਅਤੇ ਲਿਖਦੇ ਹਨ।<br>-ਪੁੱਛੇ ਗਏ ਪ੍ਰਸ਼ਨਾਂ ਦਾ ਸਹੀ ਉੱਤਰ ਲਿਖਦੇ ਹਨ। | -ਪਾਠ ਦਾ ਵਾਚਨ ਕਰਾਉਣਾ ਅਤੇ ਅਭਿਆਸ ਨੂੰ ਬਲੈਕ-ਬੋਰਡ ਉੱਤੇ ਲਿਖ ਕੇ ਸਮਝਾਉਂਦੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਸਹੀ ਢੰਗ ਸਿਖਾਉਣਾ।<br>-ਜੀਵਨੀ ਦੇ ਆਧਾਰ ‘ਤੇ “ਮਨੁੱਖਤਾ ਕੀ ਹੈ?” ਵਿਸ਼ੇ ‘ਤੇ ਸਮੂਹ ਚਰਚਾ।<br>-ਭੂਮਿਕਾ ਅਦਾਇਗੀ (Role Play) ਰਾਹੀਂ ਕਿਸੇ ਘਟਨਾ ਦਾ ਨਾਟਕੀਕਰਨ। |

| | | | | | |
|---|---|---|---|---|---|
| | | | - C-1.1 \| ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ<br>C-1.2 \| ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ।<br>C-1.3 \| ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਕਿ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)।<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ | | -ਵਾਕਾਂ ਨੂੰ ਤਰਤੀਬਵਾਰ ਲਗਾਉਣ ਦੀ ਗਤੀਵਿਧੀ ਕਾਰਡਾਂ ਰਾਹੀਂ।<br>-ਜੀਵਨੀ ਦੇ ਵਿਸ਼ੇ-ਵਸਤੂ ਉੱਤੇ ਚਰਚਾ ਕਰਦੇ ਹੋਏ ਮਾਨਵੀ ਮੁੱਲਾਂ ਬਾਰੇ ਦੱਸਣਾ। |

| | | | | | |
|---|---|---|---|---|---|
| | | | C-2.1 \| ਕਹਾਣੀਆਂ ਅਤੇ ਪੈਰਿਆਂ ਨੂੰ ਸ਼ੁੱਧਤਾ, ਉਚਿਤ ਠਹਿਰਾਅ ਅਤੇ ਲੈਅ ਨਾਲ ਪੜ੍ਹਨਾ। \|<br>C-2.2 \| ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ।<br>CG-3 \| ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ।<br><br>C-3.1 \| ਆਪਣੀ ਸਮਝ ਅਤੇ ਤਜ਼ਰਬਿਆਂ ਨੂੰ | | |

| | | | | | |
|---|---|---|---|---|---|
| | | | ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। \| | | |
| **ਪਾਠ-8**<br>**ਵੀਰ ਦਾ ਵਿਆਹ**<br>**(ਕਵਿਤਾ)** | ਵਿਆਹ ਨਾਲ ਸੰਬੰਧਿਤ ਰਸਮਾਂ-ਰਿਵਾਜ਼ਾਂ ਨਾਲ ਜਾਣ-ਪਛਾਣ। | ਵਚਨ ਬਦਲੋ, ਸ਼ਬਦਾਂ ਦਾ ਅਰਥਾਂ ਨਾਲ ਮੇਲ, ਇੱਕ ਲੈਅ ਵਾਲੇ ਸ਼ਬਦ, ਮਾਤਰਾ ਅਭਿਆਸ। | | -ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>ਵਿਦਿਆਰਥੀ ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ ਅਤੇ ਕਵਿਤਾ ਦਾ ਆਨੰਦ ਮਾਣਦੇ ਹਨ।<br>-ਕਵਿਤਾ ਨੂੰ ਯਾਦ ਕਰਦੇ ਹਨ।<br>-ਪਾਠ ਅਭਿਆਸ ਲਿਖਦੇ ਹਨ। | -ਕਵਿਤਾ ਦਾ ਸਮੂਹ ਵਾਚਨ ਤਾੜੀਆਂ ਦੇ ਨਾਲ।<br>-ਕਵਿਤਾ ਯਾਦ ਕਰਕੇ ਰਚਨਾਤਮਕ ਅਭਿਨੈ।<br>-ਇੱਕੋ ਲੈਅ ਵਾਲੇ ਸ਼ਬਦ ਲੱਭੋ ਖੇਡ।<br>-ਔਖੇ ਸ਼ਬਦਾਂ ਦਾ ਅਰਥ-ਕਾਰਡ ਤਿਆਰ ਕਰਵਾਉਣਾ। |

| | | | | | |
|---|---|---|---|---|---|
| **ਪਾਠ-9**<br>**ਬਹਾਦਰ ਬੱਚੇ**<br>**(ਲੇਖ)**<br>**ਸਿਰਫ਼ ਪੜ੍ਹਨ ਲਈ** | 26 ਜਨਵਰੀ ਦੇ ਸਮਾਰੋਹ ਵਿੱਚ ਸਨਮਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਦੀ ਬਹਾਦਰੀ ਤੇ ਹੌਂਸਲੇ ਤੋਂ ਜਾਣੂ ਕਰਾਉਣਾ। | ਅਣਡਿੱਠਾ ਪੈਰਾ। | | -ਵਿਦਿਆਰਥੀ ਲੇਖ ਵਿਧਾ ਬਾਰੇ ਸਿੱਖਦੇ ਹਨ।<br>-ਚੀਜ਼ਾਂ ਨੂੰ ਨਿਸ਼ਚਿਤ ਟਿਕਾਣੇ ਉੱਤੇ ਰੱਖਣ ਬਾਰੇ ਸਿੱਖਦੇ ਹਨ।<br>-ਔਖੇ ਸ਼ਬਦਾਂ ਦੇ ਅਰਥ ਯਾਦ ਕਰਦੇ ਹਨ।<br>-ਬੱਚਿਆਂ ਦੁਆਰਾ ਕੀਤੇ ਬਹਾਦਰੀ ਦੇ ਕਾਰਨਾਮਿਆਂ ਦੀ ਸਰਾਹਣਾ ਕਰਦੇ ਹਨ ਤੇ ਪ੍ਰੇਰਣਾ ਲੈਂਦੇ ਹਨ।<br>-ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਹਲ ਕਰਦੇ ਹਨ। | -ਪਾਠ ਵਿੱਚ ਜ਼ਿਕਰ ਆਏ ਕਿਸੇ ਇੱਕ ਬੱਚੇ ਦੇ ਕਾਰਨਾਮੇ ਨੂੰ ਵਿਦਿਆਰਥੀਆਂ ਤੋਂ ਵਿਸਥਾਰ ਸਹਿਤ ਜਮਾਤ ਵਿੱਚ ਸੁਣਨਾ।<br>- ਆਪਣੇ ਜੀਵਨ ਦੀ ਛੋਟੀ ਹਿੰਮਤ ਵਾਲੀ ਘਟਨਾ ਲਿਖਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਢੰਗ ਸਮਝਾਉਂਦੇ ਹੋਏ ਅਭਿਆਸ ਕਰਾਉਣਾ। |
| **ਪਾਠ-10**<br>**ਕੁਦਰਤ ਦੀ ਖੇਡ**<br>**(ਕਵਿਤਾ)** | ਕੁਦਰਤ ਦੀ ਵੰਨ-ਸੁਵੰਨਤਾ ਬਾਰੇ ਜਾਣਕਾਰੀ ਦੇਣਾ। | ਵਾਕ ਬਣਾਓ, ਦੇਵਨਾਗਰੀ ਵਿੱਚ ਲਿਖੋ, ਸਮਾਨ ਅਰਥਾਂ ਵਾਲੇ ਸ਼ਬਦ। | | - ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਵਿਦਿਆਰਥੀ ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ। | -ਉਚਾਰਣ ਅਸ਼ੁੱਧੀਆਂ ਨੂੰ ਸੋਧਣ ਦਾ ਵਿਸ਼ੇਸ਼ ਯਤਨ ਕਰਦੇ ਹੋਏ ਵਿਦਿਆਰਥੀਆਂ ਵੱਲੋਂ ਇੱਕ-ਇੱਕ ਕਰਕੇ ਕਵਿਤਾ ਪਾਠ ਕਰਵਾਉਣਾ। |

| | | | | | |
|---|---|---|---|---|---|
| | | | | -ਕਵਿਤਾ ਦਾ ਕੇਂਦਰੀ ਭਾਵ ਦੱਸਦੇ ਹਨ।<br>-ਮਿਲਦੇ-ਜੁਲਦੇ ਉਚਾਰਣ ਵਾਲੇ ਅੱਖਰ ਲਿਖਦੇ ਹਨ।<br>-ਕਵਿਤਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ। | -ਸਮਾਨ ਅਰਥ ਵਾਲੇ ਸ਼ਬਦਾਂ ਦੀ ਲੜੀ ਬਣਾਉਣ ਦੀ ਗਤੀਵਿਧੀ।<br>-ਕੁਦਰਤ ਸਾਡੀ ਦੋਸਤ" ਵਿਸ਼ੇ 'ਤੇ ਪੈਰਾ।<br>-ਕਵਿਤਾ ਵਿੱਚ ਆਏ ਵਿਚਾਰਾਂ ਬਾਰੇ ਚਰਚਾ ਕਰਨੀ \| |
| **ਪਾਠ-11**<br>**ਬੱਚਿਆਂ ਦੀ ਜੁਗਤ**<br>**(ਕਹਾਣੀ)** | ਬੱਚਿਆਂ ਵਿੱਚ ਆਪਸੀ ਸਹਿਯੋਗ ਦੀ ਭਾਵਨਾ ਅਤੇ ਸਮਾਨਤਾ ਦਾ ਅਹਿਸਾਸ ਦਵਾਉਣਾ ਅਤੇ ਹਰੇਕ ਵਰਗ ਨਾਲ ਸੰਬੰਧਿਤ ਬੱਚਿਆਂ ਦੀ ਭਾਗੀਦਾਰੀ ਯਕੀਨੀ ਬਣਾਉਣਾ। | ਵਾਕ ਤਰਤੀਬ, ਵਚਨ, ਨਾਂਵ ਦੀ ਪਰਿਭਾਸ਼ਾ ਅਤੇ ਨਾਂਵ ਸ਼ਬਦ। | | -ਵਿਦਿਆਰਥੀ ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>-ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੁੰਦਾ ਹੈ।<br>-ਕਹਾਣੀ ਤੋਂ ਪ੍ਰੇਰਣਾ ਲੈ ਲੈਂਦੇ ਹਨ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਦੇ ਹਨ।<br>-ਪਾਠ ਪੁਸਤਕ ਤੋਂ ਕਹਾਣੀ ਪੜ੍ਹਦੇ ਹਨ। | -ਜਮਾਤ ਵਿੱਚ ਦਿਵਿਆਂਗ ਵਿਦਿਆਰਥੀਆਂ ਦੀ ਭਾਗੀਦਾਰੀ ਸੁਨਿਸ਼ਚਿਤ ਕਰਦੇ ਹੋਏ ਕੋਈ ਖੇਡ ਖਿਡਾਈ ਜਾ ਸਕਦੀ ਹੈ।<br>-ਸਮਾਨਤਾ ਅਤੇ ਸਹਿਯੋਗ 'ਤੇ ਗੋਲ-ਮੇਜ਼ ਚਰਚਾ।<br>-ਨਾਂਵ ਸ਼ਬਦ ਲੱਭਣ ਦੀ ਗਤੀਵਿਧੀ (ਜਮਾਤ ਵਿੱਚੋਂ)।<br>-ਸਮੂਹ ਖੇਡ ਜਿਸ ਵਿੱਚ ਹਰ ਵਿਦਿਆਰਥੀ ਦੀ ਭਾਗੀਦਾਰੀ ਯਕੀਨੀ ਹੋਵੇ। |

| | | | | | |
|---|---|---|---|---|---|
| | | | | -ਪਾਠ ਅਭਿਆਸ ਲਿਖਦੇ ਹਨ।<br>-ਆਪਸੀ ਮੇਲ-ਜੋਲ ਦੇ ਮਹੱਤਵ ਬਾਰੇ ਚਰਚਾ ਕਰਦੇ ਹਨ। | -"ਮਿੱਤਰਤਾ ਦਾ ਮਹੱਤਵ" ਵਿਸ਼ੇ 'ਤੇ ਲਿਖਤੀ ਅਭਿਆਸ। |
| **ਪਾਠ-12**<br>**ਦਿੱਲੀ**<br>**(ਕਵਿਤਾ)** | ਪ੍ਰਾਚੀਨ ਦਿੱਲੀ ਅਤੇ ਆਧੁਨਿਕ ਦਿੱਲੀ ਵਿੱਚ ਆਈਆਂ ਤਬਦੀਲੀਆਂ ਬਾਰੇ ਜਾਣਕਾਰੀ ਦੇਣਾ। | ਵਾਕ ਬਣਾਓ, ਦੇਵਨਾਗਰੀ ਸ਼ਬਦ। | | -ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਕਵਿਤਾ ਮੂੰਹ ਜ਼ੁਬਾਨੀ ਯਾਦ ਕਰਦੇ ਹਨ ਅਤੇ ਜਮਾਤ ਵਿੱਚ ਸੁਣਾਉਂਦੇ ਹਨ। | -ਦਿੱਲੀ ਵਿੱਚ ਘੁੰਮਣ ਯੋਗ ਸਥਾਨਾਂ ਦੀ ਤਸਵੀਰ ਸਹਿਤ ਸੂਚੀ ਤਿਆਰ ਕਰਵਾਉਣਾ।<br>-ਨਕਸ਼ੇ 'ਤੇ ਦਿੱਲੀ ਦਰਸਾਉਣਾ।<br>-ਕਵਿਤਾ ਦਾ ਲੈਅ ਨਾਲ ਵਾਚਨ ਮੁਕਾਬਲਾ\| |

| | | | | | |
|---|---|---|---|---|---|
| | | | | -ਕਵਿਤਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ। | -ਛੋਟੇ-ਛੋਟੇ ਵਾਕ ਬਣਾਉਣ ਦਾ ਅਭਿਆਸ ਕਰਵਾਉਣਾ।<br>-ਦਿੱਲੀ ਬਾਰੇ ਪੰਜ ਸਤਰਾਂ ਲਿਖਵਾਉਣਾ। |
| **ਪਾਠ-13**<br>**ਭੰਡਾ-ਭੰਡਾਰੀਆ**<br>**(ਲੇਖ)** | ਲੋਕ-ਖੇਡ ਭੰਡਾ-ਭੰਡਾਰੀਆ ਖੇਡਦੇ ਹੋਏ ਖੇਡ ਦੇ ਨਿਯਮਾਂ ਦੀ ਜਾਣਕਾਰੀ ਅਤੇ ਅਨੁਸ਼ਾਸਨ ਦੀ ਭਾਵਨਾ ਵਿਕਸਿਤ ਕਰਨਾ। | ਵਚਨ ਬਦਲੋ, ਖਾਸ ਨਾਂਵ। | | - ਵਿਦਿਆਰਥੀ ਲੇਖ ਵਿਧਾ ਬਾਰੇ ਸਿੱਖਦੇ ਹਨ।<br>-ਲੋਕ ਖੇਡਾਂ ਦਾ ਮਹੱਤਵ ਜਾਣਦੇ ਹਨ।<br>-ਖੇਡਾਂ ਵਿੱਚ ਦਿਲਚਸਪੀ ਲੈਂਦੇ ਹਨ।<br>-ਔਖੇ ਸ਼ਬਦਾਂ ਦੇ ਅਰਥ ਯਾਦ ਕਰਦੇ ਹਨ।<br>-ਪਾਠ ਦਾ ਵਾਚਨ ਕਰਦੇ ਹਨ। | -ਵਿਦਿਆਰਥੀਆਂ ਵੱਲੋਂ ਇਹ ਖੇਡ ਖੇਡੀ ਜਾ ਸਕਦੀ ਹੈ।<br>-ਮਨਪਸੰਦ ਲੋਕ ਖੇਡ 'ਤੇ ਚਰਚਾ।<br>- ਖਾਸ ਨਾਂਵ ਦੀ ਸੂਚੀ ਬਣਾਉਣਾ।<br>- ਵਿਦਿਆਰਥੀਆਂ ਵੱਲੋਂ ਉਹਨਾਂ ਦੀ ਮਨਪਸੰਦ ਖੇਡ ਬਾਰੇ ਚਰਚਾ ਕਰਵਾਈ ਜਾ ਸਕਦੀ ਹੈ ਅਤੇ ਉਸਦੇ ਨਿਯਮਾਂ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ। |
| **ਪਾਠ-14**<br>**ਮਹਾਤਮਾ ਬੁੱਧ**<br>**(ਜੀਵਨੀ)** | ਮਹਾਤਮਾ ਬੁੱਧ ਦੀ ਸ਼ਖਸੀਅਤ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਦੇਣਾ। | ਲਿੰਗ ਬਦਲੋ, ਵਿਰੋਧੀ ਸ਼ਬਦ। | | -ਵਿਦਿਆਰਥੀ ਜੀਵਨੀ ਵਿਧਾ ਬਾਰੇ ਸਿੱਖਦੇ ਹਨ। | -ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਚਰਚਾ ਕਰਵਾਈ ਜਾ ਸਕਦੀ ਹੈ। |

| | | | | | |
|---|---|---|---|---|---|
| | | | | -ਜੀਵਨੀ ਵਿਧਾ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਨਾ ਲੈਂਦੇ ਹਨ।<br>-ਪਾਠ ਵਿੱਚ ਆਏ ਜੀਵਨ ਕੌਸ਼ਲਾਂ ਬਾਰੇ ਚਰਚਾ ਕਰਦੇ ਹਨ। | -<br>-ਜੀਵਨ-ਸੰਦੇਸ਼ ਲਿਖਣ ਦੀ ਗਤੀਵਿਧੀ। |
| **ਪਾਠ-15**<br>**ਪਤੇ ਦੀ ਗੱਲ**<br>**(ਕਵਿਤਾ)** | ਵੱਡਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਨਾ ਅਤੇ ਸਿੱਖਿਆਦਾਇਕ ਗੱਲਾਂ ਤੋਂ ਜਾਣੂ ਕਰਾਉਣਾ। | ਦੇਵਨਾਗਰੀ ਸ਼ਬਦ, ਵਚਨ, ਵਿਰੋਧੀ ਸ਼ਬਦ, ਪੜਨਾਂਵ ਦੀ ਪਰਿਭਾਸ਼ਾ ਅਤੇ ਪੜਨਾਂਵ ਸ਼ਬਦ। | | -ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>- ਵਿਦਿਆਰਥੀ ਕਵਿਤਾ ਦਾ ਆਦਰਸ਼ ਵਾਚਨ ਕਰਦੇ ਤੇ ਆਨੰਦ ਮਾਣਦੇ ਹਨ ।<br>-ਕਵਿਤਾ ਵਿੱਚ ਆਏ ਵਿਚਾਰਾਂ ਨੂੰ ਜੀਵਨ ਵਿੱਚ ਧਾਰਨ ਕਰਦੇ ਹਨ। | -ਵਿਦਿਆਰਥੀਆਂ ਨੂੰ ਉਹਨਾਂ ਦੇ ਰੋਲ ਮਾਡਲ ਬਾਰੇ ਪੁੱਛਿਆ ਜਾ ਸਕਦਾ ਹੈ ਅਤੇ ਉਸਨੂੰ ਰੋਲ ਮਾਡਲ ਬਣਾਉਣ ਦੇ ਕਾਰਨ ਵੀ ਜਾਣੇ ਜਾ ਸਕਦੇ ਹਨ।<br>-ਵਿਰੋਧੀ ਸ਼ਬਦ ਕਾਰਡ ਮਿਲਾਨ।<br>-ਵਿਆਕਰਣਕ ਸ਼੍ਰੇਣੀਆਂ ਦੀ ਵਰਕਸ਼ੀਟ ਅਭਿਆਸ ਲਈ ਦਿੱਤੀ ਜਾ ਸਕਦੀ ਹੈ। |
| **ਪਾਠ-16**<br>**ਜਨਮ ਦਿਨ ਮੁਬਾਰਕ**<br>**(ਵਾਰਤਾਲਾਪ)**<br>**ਸਿਰਫ਼ ਪੜ੍ਹਨ ਲਈ** | ਜਨਮ ਦਿਨ ਅਤੇ ਕੁਝ ਮਹੱਤਵਪੂਰਨ ਦਿਨਾਂ ਨੂੰ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਦੇਣਾ। | ਤਸਵੀਰ ਵਰਨਣ। | | -ਵਾਰਤਾਲਾਪ ਦਾ ਮਹੱਤਵ ਸਿੱਖਦੇ ਹਨ।<br>-ਪਾਠ ਵਿੱਚ ਆਏ ਪ੍ਰਮੁੱਖ ਦਿਨਾਂ ਬਾਰੇ ਜਾਣਕਾਰੀ ਹਾਸਲ ਕਰਦੇ ਹਨ। | - ਵਿਦਿਆਰਥੀਆਂ ਨੂੰ ਆਪਣੇ ਦੁਆਰਾ ਮਨਾਏ ਗਏ ਜਨਮਦਿਨ ਦੇ ਅਨੁਭਵ ਸਾਂਝੇ ਕਰਨ ਲਈ ਕਿਹਾ ਜਾ ਸਕਦਾ ਹੈ। |

| | | | | | |
|---|---|---|---|---|---|
| | | | | -ਆਪਸ ਵਿੱਚ ਸਿਹਤਮੰਦ ਵਿਚਾਰ ਚਰਚਾ ਕਰਨਾ ਸਿੱਖਦੇ ਹਨ।<br>-ਰਲ-ਮਿਲ ਕੇ ਸਾਥੀਆਂ ਨਾਲ ਖੁਸ਼ੀ ਸਾਂਝੀ ਕਰਨਾ ਸਿੱਖਦੇ ਹਨ। | -ਇਹ ਵਾਰਤਾਲਾਪ ਜਮਾਤ ਵਿੱਚ ਪਾਤਰ ਬਣਾ ਕੇ ਖੇਡਿਆ ਜਾ ਸਕਦਾ ਹੈ।<br>-ਭੂਮਿਕਾ ਅਦਾਇਗੀ ਰਾਹੀਂ ਸੰਵਾਦ ਪੇਸ਼ ਕਰਨਾ।<br>-ਵਿਦਿਆਰਥੀਆਂ ਦੁਆਰਾ ਉਹਨਾਂ ਦੇ ਜਨਮ ਦਿਨ ਦੀ ਮਿਤੀ ਦਾ ਕੈਲੰਡਰ ਬਣਾ ਕੇ ਜਮਾਤ ਵਿੱਚ ਲਗਾਇਆ ਜਾ ਸਕਦਾ ਹੈ। |
| **ਪਾਠ-17**<br>**ਸਮੇਂ ਦਾ ਮੁੱਲ**<br>**(ਕਹਾਣੀ)** | ਵਿਦਿਆਰਥੀਆਂ ਨੂੰ ਸਮੇਂ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ। | ਵਾਕ ਬਣਾਓ, ਗੁਰਮੁਖੀ ਸ਼ਬਦ, ਵਚਨ, ਪੜਨਾਂਵ ਸ਼ਬਦ। | | -ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>-ਵਿਦਿਆਰਥੀਆਂ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਕਰਦੇ ਹਨ।<br><br>-ਕਹਾਣੀ ਪੜ੍ਹਦੇ ਹਨ।<br>-ਸਮੇਂ ਦਾ ਸਦਉਪਯੋਗ ਕਰਨਾ ਸਿੱਖਦੇ ਹਨ। | -ਵਿਦਿਆਰਥੀਆਂ ਨੂੰ ਸਮੇਂ ਦਾ ਮਹੱਤਵ ਦੱਸਣ ਲਈ ਕੋਈ ਹੋਰ ਪ੍ਰੇਰਣਾਦਾਇਕ ਕਹਾਣੀ/ਘਟਨਾ ਸੁਣਾਈ ਜਾ ਸਕਦੀ ਹੈ।<br>- ਵਿਦਿਆਰਥੀਆਂ ਕੋਲੋਂ ਘੜੀ ਬਣਵਾਈ ਜਾ ਸਕਦੀ ਹੈ।<br>-ਸਮੇਂ ਦਾ ਸਦਉਪਯੋਗ ਕਿਵੇਂ ਕੀਤਾ ਜਾ ਸਕਦਾ |

| | | | | | |
|---|---|---|---|---|---|
| | | | | -ਪਾਠ ਅਭਿਆਸ ਲਿਖਦੇ ਹਨ। | ਹੈ?ਕੁਝ ਸਤਰਾਂ ਲਿਖਣ ਲਈ ਦਿੱਤੀਆਂ ਜਾ ਸਕਦੀਆਂ ਹਨ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਮੇਰਾ ਘਰ<br>ਪੱਤਰ- ਸਕੂਲ ਦੇ ਪ੍ਰਿੰਸੀਪਲ ਨੂੰ ਦੋ ਦਿਨਾਂ ਦੀ ਛੁੱਟੀ ਲੈਣ ਲਈ ਬੇਨਤੀ ਪੱਤਰ,<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | | -ਲੇਖ ਲਿਖਣ ਦਾ ਅਭਿਆਸ ਕਰਦੇ ਹਨ।<br>-ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਅਭਿਆਸ ਕਰਦੇ ਹਨ।<br>-ਕਿਸੇ ਵਿਸ਼ੇ ਉੱਤੇ ਜਾਂ ਕਿਸੇ ਚਿੱਤਰ ਨੂੰ ਦੇਖ ਕੇ ਛੋਟੇ-ਛੋਟੇ ਵਾਕ ਲਿਖਣ ਦਾ ਅਭਿਆਸ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਕੋਈ ਵਿਸ਼ਾ ਜਾਂ ਚਿੱਤਰ ਦੇ ਕੇ ਵਾਕ ਲਿਖਣ ਦਾ ਅਭਿਆਸ ਕਰਾਉਣਾ।<br>-ਵਿਹਾਰਕ ਵਿਆਕਰਨ ਸੰਬੰਧੀ ਕੋਈ ਵਰਕਸ਼ੀਟ ਤਿਆਰ ਕਰਕੇ ਵਿਦਿਆਰਥੀਆਂ ਨੂੰ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 30 ਜਨਵਰੀ 2027 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਾਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**